2011 ONTARIO BUDGET

Ontario

NEWS RELEASE

TURNING the CORNER TO A BETTER TOMORROW

MINISTRY of FINANCE

# ਔਂਟੇਰੀਓ ਦੀ ਆਰਥਕਤਾ ਵਿੱਚ ਨਵਾਂ ਮੋੜ ਆ ਰਿਹਾ ਹੈ, ਨੌਕਰੀਆਂ ਪੈਦਾ ਕਰਨੀਆਂ

*ਸਕੂਲਾਂ ਅਤੇ ਹਸਪਤਾਲਾਂ ਦੀ ਸੁਰੱਖਿਆ ਕਰਦਿਆਂ ਹੋਇਆਂ, ਮੈਗੁਇੰਟੀ ਸਰਕਾਰ ਵਿੱਤੀ ਘਾਟਾ ਘਟਾਉਂਦੀ ਹੈ*

**ਸਮਾਚਾਰ** 29 ਮਾਰਚ, 2011

2011 ਔਂਟੇਰੀਓ ਬਜਟ ਮੈਗੁਇੰਟੀ ਸਰਕਾਰ ਦੀ ਔਂਟੇਰੀਓ ਦੀ ਆਰਥਕਤਾ ਦੀ ਬਹਾਲੀ ਵਿੱਚ ਮਦਦ ਕਰਨੀ ਜਾਰੀ ਰੱਖ ਰਿਹਾ ਹੈ। ਵਿਦਿਆ ਅਤੇ ਸਿਹਤ ਸੰਭਾਲ ਦੀ ਸੁਰੱਖਿਆ ਕਰਦਿਆਂ ਹੋਇਆਂ, ਬਜਟ ਵਿੱਤੀ ਘਾਟੇ ਨੂੰ ਖ਼ਤਮ ਕਰਨ 'ਤੇ ਮੁੜ ਕੇ ਧਿਆਨ ਕੇਂਦਰਤ ਕਰ ਰਹਾ ਹੈ।

2010-11 ਲਈ ਅਨੁਮਾਨਤ ਵਿੱਤੀ ਘਾਟਾ $16.7 ਬਿਲੀਅਨ ਹੈ- ਇੱਕ ਸਾਲ ਪਹਿਲਾਂ ਦੇ ਪੂਰਵ ਅਨੁਮਾਨ ਨਾਲੋਂ $3 ਬਿਲੀਅਨ ਘੱਟ ਹੈ। ਇਹ ਇਸ ਕਾਰਨ ਹੈ ਕਿਉਂਕਿ 2010-11 ਲਈ ਅਨੁਮਾਨਤ ਪ੍ਰੋਗਰਾਮ ਖ਼ਰਚ 2010 ਬਜਟ ਵਿੱਚ ਪ੍ਰਕਾਸ਼ਤ ਪੂਰਵ ਅਨੁਮਾਣ ਨਾਲੋਂ $2.6 ਬਿਲੀਅਨ ਘੱਟ ਹੈ।

2011 ਬਜਟ ਅੰਦਰ ਨਿਵੇਸ਼ਾਂ ਦੀ ਰਣਨੀਤੀ ਵਿੱਚ ਇਹ ਸ਼ਾਮਲ ਹਨ:

**ਨੌਕਰੀਆਂ ਅਤੇ ਵਿਕਾਸ**

- ਪਰਾਈਵੇਟ ਖੇਤਰ ਨਾਲ ਭਾਈਵਾਲੀ ਔਂਟੇਰੀਓ ਅੰਦਰ ਲਗਭਗ 10,000 ਨੌਕਰੀਆਂ ਪੈਦਾ ਕਰੇਗੀ ਅਤੇ ਉਨ੍ਹਾਂ ਨੂੰ ਕਾਇਮ ਰੱਖੇਗੀ
- ਖ਼ਤਰੇ ਨਾਲ ਨਜਿੱਠਣ ਵਾਲੇ ਨਵੇਂ ਪ੍ਰੋਗਰਾਮ ਅਤੇ ਖਾਣਯੋਗ ਪਦਾਰਥਾਂ ਦੇ ਬਾਗ਼ਬਾਨੀ ਖੇਤਰ ਲਈ ਆਪਣੇ ਵੱਲੋਂ ਚਲਾਏ ਜਾਂਦੇ ਖ਼ਤਰੇ ਨਾਲ ਨਜਿੱਠਣ ਲਈ ਪ੍ਰੋਗਰਾਮ ਲਾਗੂ ਕਰਦਿਆਂ ਹੋਇਆਂ,ਪਸ਼ੂ, ਸੂਰ, ਭੇਡ ਅਤੇ ਵੱਛੇ ਪਾਲਣ ਵਾਲੇ ਫ਼ਾਰਮਰਾਂ ਦੀ ਮਦਦ ਕਰਦਾ ਹੈ

**ਵਿਦਿਆ ਦੀ ਸੁਰੱਖਿਆ ਕਰਨੀ**

- 2015-16 ਤੀਕ ਔਂਟੇਰੀਓ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ 60,000 ਵਿਦਿਆਰਥੀਆਂ ਲਈ ਨਵੇਂ ਸਥਾਨ। ਔਂਟੇਰੀਓ ਦੇ ਹਰੇਕ ਯੋਗਤਾਪ੍ਰਾਪਤ ਵਿਦਿਆਰਥੀ ਲਈ ਜਗ੍ਹਾ ਹੋਵੇਗੀ।
- ਆਉਂਦੇ ਸਤੰਬਰ, 200 ਅਧਿਕ ਸਕੂਲਾਂ ਵਿੱਚ ਕੁਲ ਵਕਤੀ ਕਿੰਡਰਗਾਰਟਨ ਉਪਲਬਧ ਹੋਵੇਗੀ ਜਿਸ ਨਾਲ 50,000 ਤਕ ਬੱਚਿਆਂ ਨੂੰ ਲਾਭ ਹੋਵੇਗਾ। ਇਸ ਸਮੇਂ, ਲਗਭਗ 600 ਸਕੂਲ 35,000 ਤਕ ਬੱਚਿਆਂ ਨੂੰ ਕੁਲ ਵਕਤੀ ਕਿੰਡਰਗਾਰਟਨ ਪੇਸ਼ ਕਰਦੇ ਹਨ। ਸਤੰਬਰ 2014 ਵਿੱਚ, ਇਹ ਹਰੇਕ ਸਕੂਲ ਵਿੱਚ ਪੂਰੀ ਤਰ੍ਹਾਂ ਲਾਗੂ ਹੋਵੇਗੀ, ਉਪਲਬਧ ਹੋਵੇਗੀ।

**ਸਿਹਤ ਸੰਭਾਲ ਦੀ ਸੁਰੱਖਿਆ ਕਰਨੀ**

- ਅਜਿਹੀਆਂ ਔਰਤਾਂ ਤੀਕ ਪਹੁੰਚਣ ਵਿੱਚ ਮਦਦ ਕਰਨ ਵਾਸਤੇ ਜਿੰਨ੍ਹਾਂ ਨੂੰ ਵੱਧ ਖ਼ਤਰਾ ਹੈ, ਛਾਤੀ ਦੀ ਕੈਂਸਰ ਦੇ ਲਗਭਗ 90,000 ਅਧਿਕ ਸਕਰੀਨਿੰਗ ਮੁਆਇਨੇ
- ਬੱਚਿਆਂ ਅਤੇ ਯੁਵਕਾਂ ਤੋਂ ਸ਼ੁਰੂ ਕਰਕੇ, ਸੰਪੂਰਨ ਮਾਨਸਿਕ ਸਿਹਤ ਅਤੇ ਐਡਿਕਸ਼ਨ ਰਣਨੀਤੀ
- ਔਂਟੇਰੀਓ ਡਰੱਗ ਬੈਨੇਫ਼ਿਟ ਪ੍ਰੋਗਰਾਮ ਅਧੀਨ ਆਉਂਦੇ ਲੋਕਾਂ ਲਈ ਦਵਾਫ਼ਰੋਸ਼ ਸੇਵਾਵਾਂ ਦਾ ਵਿਸਤਾਰ ਕਰਨਾ ਅਤੇ ਮਦਦ ਕਰਨੀ-ਡਾਕਟਰੀ ਨੁਸਖ਼ੇ ਵਾਲੀਆਂ ਦਵਾਈਆਂ ਅਤੇ ਬਆਦ ਦੇ ਮਸ਼ਵਰੇ ਦੀਆਂ ਕਾਰਵਾਈਆਂ ਵਿੱਚ ਸੀਨੀਅਰਾਂ ਅਤੇ ਦੂਜਿਆਂ ਦੀ ਮਦਦ ਕਰਨੀ

.../2

## ਜ਼ੁੰਮੇਵਾਰੀ ਨਾਲ ਪ੍ਰਬੰਧ ਕਰਨਾ

ਆਰਥਕ ਵਿਕਾਸ, ਜਾਂ ਅਜਿਹੇ ਲਾਭ ਜੋ ਔਂਟੇਰੀਓ ਵਾਸੀਆਂ ਨੇ ਵਿਦਿਆ ਅਤੇ ਸਿਹਤ ਸੰਭਾਲ ਵਿੱਚ ਪ੍ਰਾਪਤ ਕੀਤੇ ਹਨ ਨੂੰ ਖ਼ਤਰੇ ਵਿੱਚ ਪਾਏ ਬਿਨਾ ਵਿੱਤੀ ਘਾਟੇ ਨੂੰ ਖ਼ਤਮ ਕਰਨ ਵਾਸਤੇ ਸਰਕਾਰ ਲਈ ਅਜਿਹੇ ਢੰਗ ਵਿੱਚ ਵੱਧ ਸੁਧਾਰ ਕਰਨਾ ਜ਼ਰੂਰੀ ਹੋਵੇਗਾ ਜਿਸ ਅਨੁਸਾਰ ਉਹ ਕਾਰ ਵਿਹਾਰ ਕਰਦੀ ਹੈ। ਨਵੀਆਂ ਅਤੇ ਬਜਟ ਦੁਆਰਾ ਘੋਸ਼ਤ ਪਹਿਲਕਦਮੀਆਂ ਅਗਲੇ ਤਿੰਨ ਵਿੱਤੀ ਸਾਲਾਂ ਦੌਰਾਨ ਲਗਭਗ $1.5 ਬਿਲੀਅਨ ਦੀ ਬੱਚਤ ਕਰਨ ਵਿੱਚ ਮਦਦ ਕਰਨਗੀਆਂ। ਅਜਿਹੇ ਕਈ ਨਵੇਂ ਤਰੀਕੇ ਹਨ ਜਿਹੜੇ ਔਂਟੇਰੀਓ  ਪਰਿਵਾਰਾਂ ਲਈ ਪਬਲਿਕ ਸੇਵਾਵਾਂ ਨੂੰ ਉਨ੍ਹਾਂ ਦੀ ਵਿੱਤ ਅਨੁਸਾਰ ਅਤੇ ਪ੍ਰਭਾਵੀ ਬਣਾਉਣਗੇ, ਉਨ੍ਹਾਂ ਵਿੱਚ ਇਹ ਸ਼ਮਲ ਹਨ:

- ਇਹ ਨਿਰਣਾ ਕਰਨਾ ਕਿ ਕੀ ਸੇਵਾ ਕਰਨ ਦਾ ਮੌਜੂਦਾ ਸਰਵਿਸਔਂਟੇਰੀਓ ਸੇਵਾ ਆਦਰਸ਼ ਲੋਕਾਂ ਨੂੰ ਸਭ ਤੋਂ ਉੱਤਮ ਗੁਣ ਅਤੇ ਸੇਵਾ ਮੁਹੱਈਆ ਕਰਦਾ ਹੈ
- 2013-14 ਤੀਕ ਕੁਸ਼ਲਤਾ ਰਾਹੀਂ $ 200 ਮਿਲੀਅਨ ਬਚਾਉਣ ਲਈ ਮੁੱਖ ਏਜੰਸੀਆਂ ਨੂੰ ਹਦਾਇਤ ਕਰਨੀ
- ਅਗਲੇ ਦੋ ਸਾਲ ਦੌਰਾਨ ਵਿਸੇਸ਼ ਤਬਦੀਲੀਆਂ ਅਦਾਇਗੀਆਂ ਦੇ ਪ੍ਰਾਪਤਕਰਤਾਵਾਂ ਦੇ ਐਗਜ਼ੈਕਟਿਵ ਦਫ਼ਤਰਾਂ ਵਿੱਚ 10 ਪ੍ਰਤੀਸ਼ਤ ਫ਼ੰਡ ਸਥਾਈ ਤੌਰ ਤੇ ਘਟਾਉਣੇ। ਇਹ ਪਾਲਸੀ ਮੁੱਖ ਸਰਕਾਰੀ ਏਜੰਸੀਆਂ 'ਤੇ ਵੀ ਲਾਗੂ ਹੋਵੇਗੀ।
- ਅਪਰੈਲ 2012 ਅਤੇ ਮਾਰਚ 2014 ਵਿਚਕਾਰ ਔਂਟੇਰੀਓ ਪਬਲਿਕ ਸਰਵਿਸ (OPS) ਦੇ ਆਕਾਰ ਵਿੱਚ 1,500 ਹੋਰ ਨੌਕਰੀਆਂ ਘਟਾਉਣੀਆਂ। ਇਹ ਗਿਣਤੀ 2009 ਬਜਟ ਰਾਹੀਂ ਘੋਸ਼ਤ ਓ ਪੀ ਐੱਸ ਕਰਮਚਾਰੀਆਂ ਵਿੱਚੋਂ ਲਗਭਗ 1,500 ਅਧਿਕ ਕਟੌਤੀਆਂ ਤੋਂ ਇਲਾਵਾ ਹੈ।
- ਜੇਲ੍ਹ ਸਿਸਟਿਮ ਨੂੰ ਵੱਧ ਆਧੁਨਿਕ ਅਤੇ ਕੁਸ਼ਲ ਬਣਾਉਣਾ। ਇਹ ਕੁਸ਼ਲਤਾ ਅਵਨ ਸਾਊਂਡ, ਵਾਕਰਟਨ, ਅਤੇ ਸਾਰਨੀਆ ਵਿਖੇ ਘੱਟ ਵਰਤੀਆਂ ਜਾਂਦੀਆਂ ਜੇਲ੍ਹਾਂ ਨੂੰ ਬੰਦ ਕਰਕੇ ਅਤੇ ਟੁਰਾਂਟੋ ਵੈੱਸਟ ਡਿਟੈਂਨਸ਼ਨ ਸੈਂਟਰ ਨੂੰ ਅੰਸ਼ਕ ਤੌਰ ਤੇ ਬੰਦ ਕਰਕੇ ਲਿਆਂਦੀ ਜਾਂਵੇਗੀ। ਕੈਦੀਆਂ ਨੂੰ ਨਵੀਂ, ਵੱਡੀ ਅਤੇ ਵੱਧ ਕੁਸ਼ਲ ਜਗ੍ਹਾ ਤਬਦੀਲ ਕਰ ਦਿੱਤਾ ਜਾਵੇਗਾ।
- ਟੁਰਾਂਟੋ ਵੈੱਸਟ ਕੋਰਟਹਾਊਸ ਦੀ ਉਸਾਰੀ ਨੂੰ ਮਨਸੂਖ਼ ਕਰਨਾ, ਜਿਸ ਦੇ ਨਤੀਜੇ ਵਜੋਂ ਅਗਲੇ ਤਿੰਨ ਸਾਲਾਂ ਦੌਰਾਨ $181 ਮਿਲੀਅਨ ਦੀ ਮਲਕੀਅਤੀ ਬੱਚਤ ਹੋਵੇਗੀ।
- ਸਤਿਕਾਰਤ ਅਰਥ ਸ਼ਾਸਤਰੀ ਡਾਨ ਡ੍ਰੰਮੰਡ ਦੀ ਪ੍ਰਧਾਨਗੀ ਅਧੀਨ ਔਂਟੇਰੀਓ ਪਬਲਿਕ ਸਰਵਿਸਜ਼ ਬਾਰੇ ਕਮਿਸ਼ਨ ਸਥਾਪਤ ਕਰਨਾ ਜੋ ਸਰਕਾਰ ਵੱਲੋਂ ਵਿਦਿਆ ਅਤੇ ਸਿਹਤ ਸੰਭਾਲ ਦੀ ਸੁਰੱਖਿਆ ਕਰਦਿਆਂ ਹੋਇਆਂ ਵਿੱਤੀ ਘਾਟੇ ਨੂੰ ਖ਼ਤਮ ਕਰਨ ਲਈ ਸਰਕਾਰ ਦੀ ਯੋਜਨਾ ਨੂੰ ਤੇਜ਼ ਕਰਨ ਵਿੱਚ ਮਦਦ ਕਰਨ ਲਈ ਮਸ਼ਵਰਾ ਮੁਹੱਈਆ ਕਰੇਗਾ।

ਬਜਟ 2011 ਦਾ ਆਧਾਰ ਆਰਥਕਤਾ ਨੂੰ ਮਜ਼ਬੂਤ ਕਰਨ, ਨੌਕਰੀਆਂ ਪੈਦਾ ਕਰਨ ਅਤੇ ਕੁੰਜੀਵੰਤ ਪਬਲਿਕ ਸੇਵਾਵਾਂ ਨੂੰ ਬਚਾਉਣ ਲਈ ਮੈਗੁਇੰਟੀ ਸਰਕਾਰ ਦੀ  ਓਪਨ ਔਂਟੇਰੀਓ ਪਲੈਨ ਹੈ।

### ਹਵਾਲੇ

"ਸਭ ਤੋਂ ਘਟੀਆ ਵਿਸ਼ਵ ਆਰਥਕ ਮੰਦਹਾਲੀ, ਜੋ ਸਾਡੇ ਵਿੱਚੋਂ ਬਹੁਤਿਆਂ ਨੇ ਪਹਿਲਾਂ ਕਦੇ ਨਹੀਂ ਵੇਖੀ, ਦੇ ਦੋ ਸਾਲ ਪਿੱਛੋਂ ਔਂਟੇਰੀਓ ਦੀ ਆਰਥਕਤਾ ਵਿੱਚ ਨਵਾਂ ਮੋੜਾ ਆ ਗਿਆ ਹੈ ਅਤੇ ਨੌਕਰੀਆਂ ਵਾਪਸ ਆ ਰਹੀਆਂ ਹਨ। ਚੰਗੀ ਤਰ੍ਹਾਂ ਸੁਸਿਖਅਤ ਅਤੇ ਸਿਹਤਮੰਦ ਕਰਮਚਾਰੀ ਗਨ ਔਂਟੇਰੀਓ ਦੀ ਆਰਥਕਤਾ ਨੂੰ ਮਜ਼ਬੂਤ ਬਣਾਉਂਦਾ ਹੈ ਅਤੇ ਨਿਵੇਸ਼ ਅਤੇ ਨੌਕਰੀਆਂ ਨੂੰ ਅਕ੍ਰਸ਼ਤ ਕਰਦਾ ਹੈ।"
— ਡਿਵਾਈਟ ਡੰਨਕਨ, ਵਿੱਤ ਮੰਤਰੀ

"ਸਕੂਲਾਂ, ਹਸਪਤਾਲਾਂ ਅਤੇ ਆਰਥਕ ਵਿਕਾਸ ਨੂੰ ਸੁਰੱਖਿਅਤ ਕਰਦਿਆ ਹੋਇਆਂ ਵਿੱਤੀ ਘਾਟੇ ਨੂੰ ਖ਼ਤਮ ਕਰਨ ਲਈ ਸਾਡੇ ਕੋਲ ਜ਼ੁੰਮੇਵਾਰ ਯੋਜਨਾ ਹੈ। ਪੈਸੇ ਦਾ ਵਧੇਰੇ ਲਾਭ ਲੈਣ ਨੂੰ ਯਕੀਨੀ ਬਣਾਉਣ ਲਈ ਅਜਿਹੇ, ਤਰੀਕੇ ਜਿਸ ਦੁਆਰਾ ਸਰਕਾਰ ਕੰਮ ਕਰਦੀ ਹੈ, ਵਿੱਚ ਹੋਰ ਵੱਧ ਸੁਧਾਰ ਲੋੜੀਂਦਾ ਹੈ। ਇਸ ਦਾ ਬਦਲ-ਵਿਆਪਕ ਪ੍ਰੋਗਰਾਮ ਕਟੌਤੀਆਂ- ਔਂਟੇਰੀਓ ਵਾਸੀਆਂ ਵੱਲੋਂ ਹੁਣ ਤੀਕ ਕੀਤੀਆਂ ਮਹੱਤਵਪੂਰਨ ਪ੍ਰਾਪਤੀਆਂ ਨੂੰ ਉਲਟਾਅ ਦੇਵੇਗਾ ਅਤੇ ਪਰਾਂਤ ਦੀ ਮੁਕਾਬਲੇ ਵਿੱਚ ਆਰਥਕ ਸਤਾ ਨੂੰ ਨੁਕਸਾਨ ਪਹੁੰਚਾਵੇਗਾ।"
— ਡਿਵਾਈਟ ਡੰਨਕਨ, ਵਿੱਤ ਮੰਤਰੀ

**ਵਧੇਰੇ ਜਾਣਕਾਰੀ ਹਾਸਲ ਕਰੋ**

2011 ਆਂਟੇਰੀਓ ਬਜਟ ਪੜ੍ਹੋ

2011 ਆਂਟੇਰੀਓ ਬਜਟ ਦੇ ਪਿਛੋਕੜ ਬਾਰੇ ਜਾਣਕਾਰੀ ਪੜ੍ਹੋ:
- ਆਂਟੇਰੀਓ ਦੀ ਆਰਥਕ ਸੰਭਾਵਨਾ ਅਤੇ ਵਿੱਤੀ ਯੋਜਨਾ
- ਜ਼ੁੰਮੇਵਾਰੀ ਨਾਲ ਪ੍ਰਬੰਧ ਕਰਨਾ
- ਮਜ਼ਬੂਤ ਵਿਦਿਆ ਅਤੇ ਸਿਹਤ ਸੰਭਾਲ ਮਜ਼ਬੂਤ ਆਰਥਕਤਾ ਦੀ ਸਹਾਇਤਾ ਕਰਦੇ ਹਨ

2011 ਆਂਟੇਰੀਓ ਬਜਟ ਦੇ ਮੁੱਖ ਅੰਸ਼ ਪੜ੍ਹੋ:
- ਚੰਗੇਰੇ ਭਵਿੱਖ ਲਈ ਨਵਾਂ ਮੋੜ ਲਿਆਉਣਾ
- ਬੱਚਿਆਂ ਦੀ ਮਾਨਸਿਕ ਸਿਹਤ
- ਆਂਟੇਰੀਓ ਦੇ ਕਿਸਾਨਾਂ ਦੀ ਮਦਦ ਕਰਨੀ

ਸਰਕਾਰ ਦੀ ਓਪਨ ਆਂਟੇਰੀਓ ਪਲੈਨ ਬਾਰੇ ਵਧੇਰੇ ਪਤਾ ਕਰੋ

-30-

**ਸਿਰਫ਼ ਮੀਡੀਏ ਵੱਲੋਂ ਪੁੱਛ-ਗਿੱਛ ਕਰਨ ਲਈ:**
ਐਂਡਰੀਉ ਚਾਰਨੈਨਕੀ, ਮੰਤਰੀ ਦਾ ਦਫ਼ਤਰ, 416-325-9819
ਸਕਾਟ ਬਲਾਜੈਟ, ਵਿੱਤ ਮੰਤਰਾਲਾ, 416-325-0324

**ਪਬਲਿਕ ਵੱਲੋਂ ਪੁੱਛ-ਗਿੱਛ ਕਰਨ ਲਈ ਫ਼ੋਨ ਕਰੋ 1-800-337-7222**
(ਸਿਰਫ਼ ਆਂਟੇਰੀਓ ਵਿੱਚ ਟੋਲ ਫ਼੍ਰੀ)